ਕੰਪਿਊਟਰ ਸੈਲ ਸਿੰਚਾਈ ਵਿਭਾਗ ਪੰਜਾਬ
ਚੰਡੀਗੜ੍ਹ
ਡਾਇਰੀ ਨੰ. 461/CC ਮਿਤੀ 20/11/15

ਪੰਜਾਬ ਸਰਕਾਰ
ਸਿੰਚਾਈ ਵਿਭਾਗ
(ਸਿੰਚਾਈ ਪ੍ਰਸੋਨਲ-2 ਸਾਖਾ)

ਮੁੱਖ ਇੰਜੀਨੀਅਰ, ਸਿੰਚਾਈ ਵਿਭਾਗ ਪੰਜਾਬ, ਚੰਡੀਗੜ੍ਹ। 13267 20 NOV 2015

**ਪੰਜਾਬ ਦੇ ਰਾਜਪਾਲ ਜੀ ਦੇ ਹੁਕਮ**

ਸ੍ਰੀ ਗੁਰਜੀਤ ਸਿੰਘ, ਜੂਨੀਅਰ ਇੰਜੀਨੀਅਰ ਨੂੰ ਸਰਕਾਰ ਦੇ ਹੁਕਮ ਨੰ: 5/10/2015-5ਸਿੰ.ਪ੍ਰੋ:2/441332/1-5, ਮਿਤੀ 18.3.2015 ਰਾਹੀਂ ਮੁਅੱਤਲ ਕੀਤਾ ਗਿਆ ਸੀ ਅਤੇ ਸਰਕਾਰ ਦੇ ਪੱਤਰ ਨੰ: 5/10/2015-5ਸਿੰ.ਪ੍ਰੋ:2/499833/1-3, ਮਿਤੀ 3.6.2015 ਰਾਹੀਂ ਹੇਠ ਲਿਖੇ ਦੋਸ਼ਾਂ ਕਾਰਨ ਪੰਜਾਬ ਸਿਵਲ ਸੇਵਾਵਾਂ (ਸਜਾ ਅਤੇ ਅਪੀਲ) ਰੂਲਜ 1970 ਦੇ ਨਿਯਮ-8 ਅਧੀਨ ਦੋਸ਼ ਸੂਚੀ ਜਾਰੀ ਕੀਤੀ ਗਈ ਸੀ :-

1) ਆਪ ਵੱਲੋਂ ਪੱਕੀ ਟਿੱਬੀ ਸਬ ਸਰਫੇਸ ਸਕੀਮ ਰੱਖ ਰਖਾਵ ਵਿੱਚ ਵੱਧੀਆ ਪ੍ਰਬੰਧ ਨਾ ਕਰਨ ਕਾਰਨ ਬਿਜਲੀ ਦਾ ਟਰਾਂਸਫਾਰਮਰ ਵਾਰ ਵਾਰ ਸੜਦਾ ਰਿਹਾ ਹੈ।

2) ਆਪ ਵੱਲੋਂ ਪੱਕੀ ਟਿੱਬੀ ਸਬ ਸਰਫੇਸ ਸਕੀਮ ਰੱਖ ਰਖਾਵ ਸਹੀ ਨਾ ਕਰਨ ਕਾਰਨ ਸਰਕਾਰ ਦੇ ਖਜਾਨੇ ਦਾ ਨੁਕਸਾਨ ਅਤੇ ਸਰਕਾਰ ਦੀ ਛਵੀ (ਇਮੇਜ) ਖਰਾਬ ਕੀਤੀ ਹੈ।

3) ਸਕੀਮ ਦੀ ਸਹੀ ਸੰਭਾਲ ਨਾ ਕਰਨ ਕਰਕੇ ਆਪ ਵੱਲੋਂ ਪੰਜਾਬ ਸਿਵਲ ਸੇਵਾਵਾਂ (ਸਜਾ ਅਤੇ ਅਪੀਲ) ਰੂਲਜ 1970 ਦੇ ਨਿਯਮ-8 ਤਹਿਤ ਸਜਾ ਦਾ ਭਾਗੀਦਾਰ ਬਣਾਇਆ ਹੈ।

2. ਸ੍ਰੀ ਗੁਰਜੀਤ ਸਿੰਘ, ਜੂਨੀਅਰ ਇੰਜੀਨੀਅਰ ਨੂੰ ਸਰਕਾਰ ਦੇ ਹੁਕਮ ਨੰ: 5/10/2015-5ਸਿੰ:ਪ੍ਰੋ:2/243-48 ਮਿਤੀ 22.4.2015 ਰਾਹੀਂ ਪੈਡਿੰਗ ਇੰਨਕੁਆਰੀ ਤੇ ਇਸ ਸ਼ਰਤ ਤੇ ਬਹਾਲ ਕੀਤਾ ਗਿਆ ਸੀ ਕਿ ਇਸ ਅਧਿਕਾਰੀ ਵਿਰੁੱਧ ਕੀਤੀ ਜਾਣ ਵਾਲੀ ਕਾਰਵਾਈ ਤੇ ਇਨ੍ਹਾਂ ਹੁਕਮਾਂ ਦਾ ਕੋਈ ਅਸਰ ਨਹੀਂ ਹੋਵੇਗਾ ।

3. ਇਸ ਅਧਿਕਾਰੀ ਵੱਲੋਂ ਦੋਸ਼ ਸੂਚੀ ਸਬੰਧੀ ਆਪਣਾ ਜਵਾਬ ਸਰਕਾਰ ਨੂੰ ਮਿਤੀ 24.6.2015 ਨੂੰ ਪੇਸ਼ ਕੀਤਾ ਗਿਆ ਸੀ ਜਿਸ ਨੂੰ ਵਿਚਾਰਨ ਅਤੇ ਇਸ ਕੇਸ ਵਿੱਚ ਸਮੁੱਚੀ ਵਿਧੀ ਅਪਣਾਉਂਣ ਉਪਰੰਤ ਇਸ ਅਧਿਕਾਰੀ ਨੂੰ ਸਰਕਾਰ ਦੇ ਪੱਤਰ ਨੰ: 5/10/2015-5ਸਿੰ:ਪ੍ਰੋ:2/588647/1-4, ਮਿਤੀ 15.9.2015 ਰਾਹੀਂ ਅੱਗੇ ਤੋਂ ਸੁਚੇਤ ਰਹਿਣ ਦੀ ਤਾੜਨਾਂ ਕੀਤੀ ਗਈ ਸੀ ।

4. ਜਿਥੋਂ ਤੱਕ ਸ੍ਰੀ ਗੁਰਜੀਤ ਸਿੰਘ, ਜੂਨੀਅਰ ਇੰਜੀਨੀਅਰ ਦੇ ਮਿਤੀ 18.3.2015 ਤੋਂ 22.4.2015 ਤੱਕ ਦੇ ਮੁਅੱਤਲੀ ਦੇ ਸਮੇਂ ਨੂੰ ਡਿਊਟੀ ਪੀਰੀਅਡ ਟਰੀਟ ਕਰਨ ਦਾ ਸਬੰਧ ਹੈ, ਇਸ ਅਧਿਕਾਰੀ ਦਾ **ਸੀ.ਐਸ.ਆਰ.ਵਾਲਿਯੂਮ-1, ਪਾਰਟ-1 ਦੇ ਰੂਲ 7.3 (ਬੀ)** ਅਧੀਨ ਮੁਅੱਤਲੀ ਦੇ ਸਮੇਂ ਨੂੰ ਹਰ ਮੰਤਵ ਲਈ ਡਿਊਟੀ ਪੀਰੀਅਡ ਇਸ ਸ਼ਰਤ ਤੇ ਟਰੀਟ ਕੀਤਾ ਜਾਂਦਾ ਹੈ ਕਿ ਇਸ ਅਧਿਕਾਰੀ ਨੂੰ ਮੁਅੱਤਲੀ ਦੇ ਸਮੇਂ ਦੌਰਾਨ ਜੋ ਕੁਝ ਵੀ ਉਸ ਨੂੰ ਦਿੱਤਾ ਗਿਆ ਹੈ, ਉਸ ਤੋਂ ਇਲਾਵਾ ਹੋਰ ਕੋਈ ਰਕਮ ਅਦਾ ਨਹੀਂ ਕੀਤੀ ਜਾਵੇਗੀ।

ਕਾਹਨ ਸਿੰਘ ਪੰਨੂੰ
ਸਕੱਤਰ, ਪੰਜਾਬ ਸਰਕਾਰ
ਸਿੰਚਾਈ ਵਿਭਾਗ।

ਮਿਤੀ,ਚੰਡੀਗੜ੍ਹ:
16-11-2015

ਪਿੱਠ ਅੰਕਣ ਨੰ: 5/10/2015-5ਸਿੰ.ਪ੍ਰੋ:2/629238/3 ਮਿਤੀ,ਚੰਡੀਗੜ੍ਹ: 20/11/15

ਇਸ ਦਾ ਇੱਕ ਉਤਾਰਾ ਹੇਠ ਲਿਖਿਆ ਨੂੰ ਸੂਚਨਾਂ ਅਤੇ ਯੋਗ ਕਾਰਵਾਈ ਹਿੱਤ ਭੇਜਿਆ ਜਾਂਦਾ ਹੈ:-

1) ਮੁੱਖ ਇੰਜੀਨੀਅਰ/ਨਹਿਰਾਂ, ਸਿੰਚਾਈ ਵਿਭਾਗ, ਪੰਜਾਬ, ਚੰਡੀਗੜ੍ਹ ।
2) ਮੁੱਖ ਇੰਜੀਨੀਅਰ/ਚੌਕਸੀ ਅਤੇ ਕੁਆਲਟੀ ਕੰਟਰੋਲ, ਸਿੰਚਾਈ ਵਿਭਾਗ, ਪੰਜਾਬ, ਚੰਡੀਗੜ੍ਹ ।

3) ਕਾਰਜਕਾਰੀ ਇੰਜੀਨੀਅਰ-ਕਮ-ਇੰਚਾਰਜ ਕੰਪਿਊਟਰ ਸੈਲ, ਦਫਤਰ ਮੁੱਖ ਇੰਜੀਨੀਅਰ/ਨਹਿਰਾਂ, ਸਿੰਚਾਈ ਵਿਭਾਗ, ਪੰਜਾਬ,ਚੰਡੀਗੜ੍ਹ।

4) ਸ੍ਰੀ ਗੁਰਜੀਤ ਸਿੰਘ, ਜੂਨੀਅਰ ਇੰਜੀਨੀਅਰ, ਮੁਕਤਸਰ ਲਾਈਨਿੰਗ ਡਵੀਜਨ, ਮੁਕਤਸਰ।

ਸੁਪਰਡੰਟ